# ਕੁੱਕਸੇਫ਼

ਭੋਜਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਿਸਟਮ



## 2. ਫ਼ਲੋਅ (ਕੰਮਾਂ ਦੀ ਤਰਤੀਬ ਬਾਰੇ) ਤਸਵੀਰਾਂ

ਤੁਹਾਡੇ ਲਈ ਜਾਣਕਾਰੀ ਅਤੇ ਨਕਸ਼ਾ ਦਿੱਤਾ ਗਿਆ ਹੈ ਜਿਹਦੀ ਮਦਦ ਨਾਲ ਤੁਸੀਂ ਆਪਣੇ ਲਈ ਖ਼ੁਦ ਫ਼ਲੋਅ (ਕੰਮਾਂ ਦੀ ਤਰਤੀਬ ਦੱਸਣ ਵਾਲੀ) ਤਸਵੀਰ ਬਣਾ ਸਕਦੇ ਹੋ

## ਫ਼ਲੋਅ (ਕੰਮਾਂ ਦੀ ਤਰਤੀਬ ਦੱਸਣ ਵਾਲੀਆਂ) ਤਸਵੀਰਾਂ

ਫ਼ਲੋਅ ਤਸਵੀਰ ਤੁਹਾਨੂੰ ਆਪਣੇ ਕਾਰੋਬਾਰ ਵਿਚ ਕੀਤੇ ਜਾਣ ਵਾਲੇ ਸਾਰੇ ਕੰਮਾਂ ਦੀ ਤਰਤੀਬ ਬਾਰੇ ਦੱਸਦੀ ਹੈ - 'ਮਾਲ ਖ਼ਰੀਦਣ' ਤੋਂ ਲੈ ਕੇ 'ਗਾਹਕਾਂ ਨੂੰ ਵਰਤਾਉਣ ਤਕ'। ਆਪਣੇ ਭੋਜਨ ਤਿਆਰ ਕਰਕੇ ਵੇਚਣ ਦੇ ਕਾਰੋਬਾਰ ਦੀ ਫ਼ਲੋਅ ਤਸਵੀਰ ਬਣਾ ਕੇ ਤੁਸੀਂ ਇਸ ਸਾਰੇ ਕੰਮ ਦੇ ਹਿੱਸੇ ਕਰਕੇ ਦੇਖ ਸਕਦੇ ਹੋ - ਜਿਹਨਾਂ ਨੂੰ ਕੰਮ ਕਰਨ ਦੇ ਪੜਾਅ ਆਖਿਆ ਜਾਂਦਾ ਹੈ। ਇਸ ਹਿੱਸੇ ਵਿਚ ਤੁਹਾਡੇ ਲਈ ਜਾਣਕਾਰੀ, ਇਕ ਮਿਸਾਲ ਅਤੇ ਇਕ ਢਾਂਚਾ ਦਿੱਤਾ ਗਿਆ ਹੈ ਜੋ ਤੁਹਾਨੂੰ ਆਪਣੇ ਕਾਰੋਬਾਰ ਦੀ ਫ਼ਲੋਅ ਤਸਵੀਰ ਬਣਾਉਣ ਵਿਚ ਮਦਦ ਦੇਣਗੇ।

**ਮਿਸਾਲ ਵਜੋਂ, ਜੇ ਤੁਹਾਡੇ ਕਾਰੋਬਾਰ ਵਿਚ ਹੇਠ ਲਿਖੇ ਕੰਮ ਸ਼ਾਮਿਲ ਹਨ:**

- ਮਾਲ ਖ਼ਰੀਦਣਾ
- ਸਟੋਰ ਵਿਚ ਰੱਖਣਾ - ਫ੍ਰਿਜ ਵਿਚ ਰੱਖਣਾ/ਫ਼੍ਰੋਜ਼ਨ/ਆਮ ਢੰਗ ਨਾਲ ਰੱਖਣਾ
- ਤਿਆਰ ਕਰਨਾ - ਖਾਣ ਲਈ ਤਿਆਰ/ਡੀਫ੍ਰੋਸਟ ਕਰਨਾ
- ਪਕਾਉਣਾ
- ਠੰਢਾ ਕਰਨਾ
- ਦੁਬਾਰਾ ਗਰਮ ਕਰਨਾ
- ਵਰਤਾਉਣਾ - ਥਾਂ 'ਤੇ ਗਰਮ ਜਾਂ ਠੰਢਾ

**ਤਾਂ ਤੁਹਾਡੇ ਕੰਮ ਦੀ ਫ਼ਲੋਅ ਤਸਵੀਰ ਇਸ ਕਿਸਮ ਦੀ ਹੋ ਸਕਦੀ ਹੈ:**



## ਤੁਹਾਨੂੰ ਕਿਹੜੀਆਂ ਗੱਲਾਂ ਜਾਨਣ ਦੀ ਲੋੜ ਹੈ

1. ਫ਼ਲੋਅ ਤਸਵੀਰ ’ਤੇ ਢਾਂਚੇ ਦੇ ਸਿਖਰ ਤੋਂ ਸ਼ੁਰੂ ਕਰਕੇ ਹਰ ਕੰਮ ਨੂੰ ਦੇਖੋ, ਅਤੇ ਇਹ ਫ਼ੈਸਲਾ ਕਰੋ ਕਿ ਕੀ ਇਹ ਤੁਹਾਡੇ ਕਾਰੋਬਾਰ ਵਿਚ ਕੀਤਾ ਜਾਂਦਾ ਹੈ। ਜੇ ਤੁਸੀਂ ਇਹ ਕੰਮ ਕਰਦੇ ਹੋ ਤਾਂ ਉਹਦੇ ਸਾਹਮਣੇ ਸਹੀ ਦਾ ਨਿਸ਼ਾਨ ਲਾਓ। ਫਿਰ ਤੀਰ ਦੀ ਦਿਸ਼ਾ ਅਨੁਸਾਰ ਅਗਲੇ ਕੰਮ ’ਤੇ ਜਾਓ, ਜੋ ਆਮ ਤੌਰ ’ਤੇ ਪਹਿਲਾਂ ਵਾਲੇ ਕੰਮ ਦੇ ਹੇਠਾਂ ਹੋਏਗਾ। ਇਸੇ ਤਰ੍ਹਾਂ ਚਲਦੇ ਚਲਦੇ ‘ਵਰਤਾਉਣ’ ਤਕ ਪਹੁੰਚੋ।

2. ਜਦ ਤੁਸੀਂ ਕਿਸੇ ਕੰਮ ਵਾਲੇ ਖ਼ਾਨੇ ਵਿਚ ਸਹੀ ਦਾ ਨਿਸ਼ਾਨ ਲਾ ਕੇ ਇਹ ਦੱਸਦੇ ਹੋ ਕਿ ਤੁਸੀਂ ਉਹ ਕੰਮ ਕਰਦੇ ਹੋ, ਤਾਂ ਸਫ਼ੇ ਦੇ ਸੱਜੇ ਪਾਸੇ ਵਲ ਨੂੰ ਪੜ੍ਹੋ ਅਤੇ ਐਚ ਏ ਸੀ ਸੀ ਪੀ ਚਾਰਟਾਂ ਨਾਲ ਜੋੜਨ ਵਾਲੇ ਖ਼ਾਨੇ ਵਿਚ ਵੀ ਸਹੀ ਦਾ ਨਿਸ਼ਾਨ ਲਾਓ।

3. ਕਈ ਕੰਮਾਂ ’ਤੇ ਪਹੁੰਚ ਕੇ ਤੁਹਾਨੂੰ ਕੁਝ ਹੋਰ ਚੋਣ ਵੀ ਕਰਨੀ ਪਏਗੀ, ਜਿਵੇਂ ਕਿ ‘ਫ਼੍ਰਿਜ ਵਿਚ ਸਟੋਰ ਕਰਨਾ’ ਅਤੇ/ਜਾਂ ‘ਫ਼੍ਰੀਜ਼ਰ ਵਿਚ ਸਟੋਰ ਕਰਨਾ’ ਅਤੇ/ਜਾਂ ‘ਆਮ ਤਾਪਮਾਨ ’ਤੇ ਸਟੋਰ ਕਰਨਾ’। ਇਸ ਕਾਲਮ ਦੀ ਵਰਤੋਂ ਤੁਸੀਂ ਇਹ ਦੱਸਣ ਲਈ ਕਰ ਸਕਦੇ ਹੋ ਕਿ ਐਚ ਏ ਸੀ ਸੀ ਪੀ ਦੇ ਕਿਹੜੇ ਚਾਰਟਾਂ ਦਾ ਸੰਬੰਧ ਤੁਹਾਡੇ ਕਾਰੋਬਾਰ ਨਾਲ ਹੈ। (ਇਸ ਕਿਤਾਬ ਵਿਚ **ਐਚ ਏ ਸੀ ਸੀ ਪੀ ਚਾਰਟਾਂ** ਵਾਲਾ ਹਿੱਸਾ ਪੜ੍ਹੋ)।

**ਜਦ ਤੁਸੀਂ ਆਪਣੇ ਕੰਮ ਦੀ ਫ਼ਲੋਅ ਤਸਵੀਰ ਬਣਾ ਲਓ, ਤਾਂ ਕੰਮ ਦੀ ਯੋਜਨਾ ਦੇ ਫ਼ਲੋਅ ਤਸਵੀਰਾਂ ਵਾਲੇ ਹਿੱਸੇ ਵਿਚ ਯਾਦ ਨਾਲ ਤਾਜ਼ੀ ਜਾਣਕਾਰੀ ਦਰਜ ਕਰੋ।**

**ਜ਼ਰੂਰੀ ਗੱਲ** - ਤੁਹਾਨੂੰ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਤੁਹਾਡੀ ਫ਼ਲੋਅ ਤਸਵੀਰ ਤੋਂ ਤੁਹਾਡੇ ਕਾਰੋਬਾਰ ਵਿਚ ਹੋਣ ਵਾਲੇ **ਸਭਨਾਂ ਕੰਮਾਂ ਬਾਰੇ** ਪਤਾ ਲੱਗੇ।

## ਫ਼ਲੋਅ ਤਸਵੀਰਾਂ (ਭਰਨ ਲਈ ਖ਼ਾਲੀ ਢਾਂਚਾ)

ਕੰਮ ਦੇ ਪੜਾਅ

ਐਚ ਏ ਸੀ ਸੀ ਪੀ ਦੇ ਚਾਰਟਾਂ ਨਾਲ ਲਿੰਕ




| | |
|---|---|
| **ਖ਼ਰੀਦਣਾ, ਲੈਣਾ/ ਭੇਜਿਆ ਜਾਣਾ, ਇਕੱਠਾ ਕਰਨਾ** | ☐ |
| **ਸਟੋਰ ਕਰਨਾ*** | |
| ਫ੍ਰਿਜ ਵਿਚ | ☐ |
| ਫ੍ਰੀਜ਼ਰ ਵਿਚ | ☐ |
| ਆਮ ਤਾਪਮਾਨ 'ਤੇ | ☐ |
| **ਤਿਆਰੀ ਕਰਨਾ** | |
| ਕੱਚਾ ਭੋਜਨ (ਕੱਚਾ ਖਾਣਾ) | ☐ |
| ਖਾਣ ਲਈ ਤਿਆਰ | ☐ |
| ਡੀਫ੍ਰੋਸਟ ਕਰਨਾ | ☐ |
| **ਪਕਾਉਣਾ** | ☐ |
| **ਗਰਮ ਭੋਜਨ ਸੰਭਾਲਣਾ** (ਬਫ਼ੇ ਸਮੇਤ) | ☐ |
| **ਠੰਢਾ ਕਰਨਾ** | ☐ |
| **ਫਿਰ ਗਰਮ ਕਰਨਾ** | ☐ |
| **ਵਰਤਾਉਣਾ*** | |
| ਥਾਂ 'ਤੇ ਗਰਮ | ☐ |
| ਥਾਂ ਤੋਂ ਦੂਰ ਗਰਮ | ☐ |
| ਥਾਂ 'ਤੇ ਠੰਢਾ | ☐ |
| ਥਾਂ ਤੋਂ ਦੂਰ ਠੰਢਾ | ☐ |

***ਸਟੋਰ ਕਰਨਾ**
ਆਮ ਤਾਪਮਾਨ - ਕਮਰੇ ਵਾਲੇ ਤਾਪਮਾਨ 'ਤੇ ਸਟੋਰ ਕਰਨਾ

***ਵਰਤਾਉਣਾ**
ਕੰਮ ਵਾਲੀ ਥਾਂ 'ਤੇ - ਰੈਸਟੋਰੈਂਟਾਂ ਅਤੇ ਟੇਕ-ਅਵੇਅ ਵਾਲੀਆਂ ਥਾਂਵਾਂ 'ਤੇ ਵਰਤਾਇਆ ਜਾਣ ਵਾਲਾ ਗਰਮ ਭੋਜਨ
ਕੰਮ ਵਾਲੀ ਥਾਂ ਤੋਂ ਦੂਰ - ਹੋਰ ਥਾਂਵਾਂ 'ਤੇ ਭੇਜਿਆ ਜਾਣ ਵਾਲਾ ਗਰਮ ਜਾਂ ਠੰਢਾ ਭੋਜਨ, ਜਿਵੇਂ ਲੋਕਾਂ ਦੇ ਘਰਾਂ ਵਿਚ ਜਾਂ ਬਾਹਰ ਕਿਸੇ ਥਾਂ 'ਤੇ ਭੋਜਨ ਪਹੁੰਚਾਉਣਾ